## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਵੱਲ

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਸਮੂਹ ਸਕੂਲ ਮੁੱਖੀ।

ਮੀਮੋ ਨੰ. Transfer Cell/2023/322388/384

ਮਿਤੀ, ੨੬.੦੪.੨੦੨੩

ਵਿਸ਼ਾ:- ਸਮੂਹ ਅਧਿਕਾਰੀ/ਕਰਮਚਾਰੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ।

ਹਵਾਲਾ:- ਦਫਤਰ ਦੇ ਮੀਮੋ ਨੰ. Transfer Cell/2023/322388/328 ਮਿਤੀ 17.03.23 ਅਤੇ Transfer Cell/2023/322388/335 ਮਿਤੀ 20.03.23 ਸਬੰਧੀ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਵਿਭਾਗ ਵਲੋਂ ਸਮੂਹ ਸਕੂਲ ਮੁੱਖੀਆਂ/ਡੀ.ਡੀ.ਓਜ ਨੂੰ ਲਿਖਿਆ ਗਿਆ ਸੀ ਕਿ ਆਪ ਅਧੀਨ ਆਉਂਦੇ ਸਮੂਹ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਈ ਪੰਜਾਬ ਪੋਰਟਲ ਤੇ ਮਿਤੀ 22.03.2023 ਤੱਕ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਖਾਲੀ ਅਸਾਮੀਆਂ ਦੀ ਸੂਚੀ ਸਕੂਲ ਵਲੋਂ ਅਪਡੇਟ ਕੀਤੇ ਸਟਾਫ ਤੋਂ ਤਿਆਰ ਕਰਨ ਸਮੇਂ ਕੋਈ ਔਕੜ ਪੇਸ਼ ਨਾ ਆਵੇ।

2.0 ਪਰੰਤੂ ਕੁਝ ਸਕੂਲ ਮੁੱਖੀਆਂ/ਅਧਿਆਪਕਾਂ/ਕਰਮਚਾਰੀਆਂ ਵਲੋਂ ਹਵਾਲਾ ਅਧੀਨ ਪੱਤਰ ਜਾਰੀ ਹੋਣ ਤੋਂ ਬਾਅਦ ਵੀ ਵਿਭਾਗ ਨਾਲ ਸੰਪਰਕ ਕਰਕੇ ਦੱਸਿਆ ਗਿਆ ਹੈ ਕਿ ਵਿਭਾਗ ਵਲੋਂ ਖਾਲੀ ਅਸਾਮੀਆਂ ਦੀ ਸੂਚੀ ਵਿੱਚ ਜੋ ਅਸਾਮੀ ਭਰੀ ਹੈ ਉਸਨੂੰ ਖਾਲੀ ਦਰਸਾਇਆ ਜਾ ਰਿਹਾ ਹੈ ਜਾਂ ਖਾਲੀ ਅਸਾਮੀ ਨੂੰ ਭਰੀ ਹੋਈ ਦਰਸਾਇਆ ਜਾ ਰਿਹਾ ਹੈ।

3.0 ਹੁਣ ਵਿਭਾਗ ਵਲੋਂ ਸਾਲ 2023-24 ਦੌਰਾਨ ਜੋ ਬਦਲੀਆਂ ਦਾ ਕੰਮ ਸੁਰੂ ਕੀਤਾ ਗਿਆ ਸੀ ਉਸ ਨੂੰ ਰੱਦ ਕਰਦੇ ਹੋਏ ਬਦਲੀਆਂ ਦਾ ਕੰਮ ਨਵੇਂ ਸਿਰੇ ਤੋਂ ਸੁਰੂ ਕੀਤਾ ਜਾ ਰਿਹਾ ਹੈ। ਸਮੂਹ ਸਕੂਲ ਮੁੱਖੀਆਂ/ਡੀ.ਡੀ.ਓਜ ਨੂੰ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਈ ਪੰਜਾਬ ਪੋਰਟਲ ਤੇ ਮਿਤੀ 30.04.2023 ਤੱਕ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਭਾਗ ਵਲੋਂ ਬਦਲੀਆਂ ਕਰਨ ਸਮੇਂ ਅਸਲ/ਸਹੀ ਖਾਲੀ ਅਸਾਮੀਆਂ ਦਰਸਾਈਆਂ ਜਾ ਸਕਣ। **ਜੇਕਰ ਡਾਟਾ ਅਪਡੇਟ ਨਾ ਹੋਣ ਦੇ ਕਾਰਨ ਵਿਭਾਗ ਨੂੰ ਕਿਸੇ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ/ਡੀ.ਡੀ.ਓ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।** ਜਿਲ੍ਹਾ ਸਿੱਖਿਆ ਅਸਫਰ (ਸੈ.ਸਿ/ਐ.ਸਿ) ਆਪਣੇ ਅਧੀਨ ਆਉਂਦੇ ਸਕੂਲ ਮੁੱਖੀ/ਡੀ.ਡੀ.ਓਜ ਤੋਂ ਸਮੂਹ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਈ ਪੰਜਾਬ ਪੋਰਟਲ ਤੇ ਅਪਡੇਟ ਕਰਵਾਉਣਾ ਯਕੀਨੀ ਬਣਾਉਣਗੇ।

26/04/2023

ਸਹਾਇਕ ਡਾਇਰੈਕਟਰ (ਵਰਕਸ ਅਤੇ ਪਲਾਨਿੰਗ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰਬਰ: 2023118959 ਮਿਤੀ: 28-04-2023

ਉਪਰੋਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼. ਜ਼ਿਲ੍ਹਾ ਬਠਿੰਡਾ ਅਤੇ ਸਮੂਹ ਸਰਕਾਰੀ ਸਕੂਲ ਮੁਖੀਆਂ ਨੂੰ ਇਨ-ਬਿਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

28/04/23

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ

28/4/23

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ